e-mail:- rangleysajjantrust@gmail.com

M. 99159-37011, 93166-10166, 0183-5064934

# ਅਖੰਡ ਕੀਰਤਨੀ ਜੱਥਾ ਇੰਟਰਨੈਸ਼ਨਲ (ਰਜਿ.)

## AKhand Kirtani Jatha International (Regd.)

ਰੰਗਲੇ ਸੱਜਨ ਮੈਮੋਰਿਅਲ ਚੈਰੀਟੇਬਲ ਟਰੱਸਟ (ਰਜਿ.) ਚੌਂਕ ਬਾਬਾ ਸਾਹਿਬ,(ਪੰਜਾਬ) ਇੰਡੀਆ

HEAD OFFICE:- RANGLEY SAJJAN MEMORIAL CHERITABLE TRUST (REGD.63) CHOWK BABA SAHIB, (PUNJAB) INDIA

ਮੁੱਖ ਸੇਵਾਦਾਰ :- ਭਾਈ ਬਖਸ਼ੀਸ਼ ਸਿੰਘ

Ref No. ....................

Date ੬ ਸਾਵਣ ੫੫੩ ਨਾ.
ਜੁਲਾਈ 21, 2021

ਸਮੂਹ ਅਖੰਡ ਕੀਰਤਨੀ ਜਥਾ ਅਤੇ ਗੁਰਸਿੱਖ ਪਰਿਵਾਰ ਜੀਓ!

ਗੁਰੂ ਸਾਹਿਬ ਜੀ ਦੀ ਬਖ਼ਸ਼ੀ ਫ਼ਤਹਿ ਪ੍ਰਵਾਨ ਕਰਨੀ ਜੀ,

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫ਼ਤਹਿ॥

ਵਿਸ਼ਾ: ਤਲਾਕ ਦੀ ਵੱਧ ਰਹੀ ਕੁਰੀਤੀ ਨੂੰ ਰੋਕਣ ਅਤੇ ਟੁੱਟ ਰਹੇ ਪਰਿਵਾਰਾਂ ਨੂੰ ਬਚਾਉਣ ਸਬੰਧੀ।

ਆਪ ਸਭ ਸੰਗਤਾਂ ਭਲੀ-ਭਾਂਤ ਜਾਣੂ ਹੀ ਹੋ ਕਿ ਅਖੰਡ ਕੀਰਤਨੀ ਜਥਾ ਸਿੱਖ ਪੰਥ ਦਾ ਇਕ ਸਿਰਮੌਰ ਜਥਾ ਕਰਕੇ ਜਾਣਿਆ ਜਾਂਦਾ ਹੈ, ਜੋ ਗੁਰੂ ਨਾਨਕ-ਦਸਮੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੁਆਰਾ ਚਲਾਈ ਖ਼ਾਲਸਾ ਰਹਿਤ 'ਤੇ ਇੰਨ-ਬਿੰਨ ਪਹਿਰਾ ਦੇਣ ਲਈ ਹਮੇਸ਼ਾ ਤੋਂ ਯਤਨਸ਼ੀਲ ਰਿਹਾ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਲੋਂ ਗੁਰੂ ਸਾਹਿਬਾਨ ਦੀ ਦੇਵਨੇਤ ਦੁਆਰਾ ਆਰੰਭ ਕੀਤੇ ਇਸ ਅਖੰਡ ਕੀਰਤਨੀ ਜਥੇ 'ਚ ਜਿੱਥੇ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਯੂ ਪ੍ਰਯੰਤ ਖ਼ਾਲਸਾ ਰਹਿਤ ਦੀ ਪੂਰੀ ਤਰ੍ਹਾਂ ਦ੍ਰਿੜ੍ਹਤਾ ਰੱਖੀ, ਉੱਥੇ ਹੀ ਉਨ੍ਹਾਂ ਤੋਂ ਪ੍ਰੇਰਿਤ ਹੋ ਕੇ ਅਨੇਕਾਂ ਸਿੰਘ-ਸਿੰਘਣੀਆਂ ਨੇ ਵੀ ਰਹਿਤ-ਬਹਿਤ 'ਤੇ ਡੱਟ ਕੇ ਪਹਿਰਾ ਦਿੱਤਾ। ਪਰ ਪਿਛਲੇ ਕੁਝ ਇਕ ਸਮੇਂ ਤੋਂ ਜਥੇ 'ਚ ਤੱਤ ਮਰਯਾਦਾ ਦੀ ਥੋੜ੍ਹੀ-ਬਹੁਤੀ ਢਿੱਲ ਵਰਤਣੀ ਸ਼ੁਰੂ ਹੋ ਗਈ ਹੈ, ਜਿਸ ਕਾਰਨ ਬਹੁਤ ਸਾਰੀਆਂ ਦੁਸ਼ਵਾਰੀਆਂ ਨੇ ਜਨਮ ਲੈਣਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਵਿਚੋਂ ਇਕ ਦੁਸ਼ਵਾਰੀ ਹੈ 'ਤਲਾਕ'। ਪਿਛਲੇ ਕੁਝ ਇਕ ਸਮੇਂ ਤੋਂ ਗੁਰਸਿੱਖ ਪਰਿਵਾਰਾਂ ਦੇ ਟੁੱਟਣ ਦਾ ਕਾਰਨ ਗੁਰਮਤਿ ਅਸੂਲਾਂ ਨੂੰ ਤਿਲਾਂਜਲੀ ਦੇ ਕੇ 'ਤਲਾਕ' ਜਿਹੀ ਕੁਰੀਤੀ ਨੂੰ

e-mail:- rangleysajjantrust@gmail.com M. 99159-37011, 93166-10166, 0183-5064934

ਅਖੰਡ ਕੀਰਤਨੀ ਜੱਥਾ ਇੰਟਰਨੈਸ਼ਨਲ (ਰਜਿ.)

AKhand Kirtani Jatha International (Regd.)

ਰੰਗਲੇ ਸੱਜਨ ਮੈਮੋਰਿਅਲ ਚੈਰੀਟੇਬਲ ਟਰੱਸਟ (ਰਜਿ.) ਚੌਂਕ ਬਾਬਾ ਸਾਹਿਬ,(ਪੰਜਾਬ) ਇੰਡੀਆ

HEAD OFFICE:- RANGLEY SAJJAN MEMORIAL CHERITABLE TRUST (REGD.63) CHOWK BABA SAHIB, (PUNJAB) INDIA

ਮੁੱਖ ਸੇਵਾਦਾਰ :- ਭਾਈ ਬਖਸ਼ੀਸ਼ ਸਿੰਘ

Ref No. ...................

Date ..................

ਅਪਨਾਉਣਾ ਹੈ। ਗੁਰਮਤਿ ਅਨੁਸਾਰ ਸੰਸਾਰਕ ਰਿਸ਼ਤੇ ਅਤੇ ਮੇਲ-ਮਿਲਾਪ ਦੇ ਸੰਯੋਗ ਧੁਰੋਂ ਹੀ ਅਕਾਲ ਪੁਰਖ ਦੁਆਰਾ ਬਣਾਏ ਹੁੰਦੇ ਹਨ। ਜੋ ਸਮੇਂ ਦੇ ਨਾਲ ਸਾਡੇ ਸੰਸਾਰੀ ਜੀਵਨ ਅੰਦਰ ਪ੍ਰਗਟ ਹੁੰਦੇ ਹਨ। ਪਤੀ-ਪਤਨੀ ਦਾ ਸੰਯੋਗ ਵੀ ਅਕਾਲ-ਪੁਰਖ ਦੁਆਰਾ ਨੀਯਤ ਕੀਤਾ ਹੁੰਦਾ ਹੈ। ਜੋ ਕਿ ਗੁਰਮਤਿ ਅਨੁਸਾਰ ਅਨੰਦ ਸੰਸਕਾਰ ਦੁਆਰਾ ਪ੍ਰਗਟ ਹੁੰਦਾ ਹੈ।

ਯਥਾ ਗੁਰਵਾਕ:

ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ ॥ (ਬਿਲਾਵਲੁ ਮ: ੫, ਪੰਨਾ: ੮੪੫-੪੬)

ਅੱਜ-ਕੱਲ੍ਹ ਵੇਖਣ 'ਚ ਆ ਰਿਹਾ ਹੈ ਕਿ ਪੱਛਮੀ ਸੱਭਿਅਤਾ ਦੇ ਦੁਰ-ਪ੍ਰਭਾਵ ਅਤੇ ਪਦਾਰਥਵਾਦ ਦੀ ਤਮ੍ਹਾ ਕਾਰਨ, ਗੁਰਸਿੱਖ ਸਮਾਜ ਅੰਦਰ ਵੀ ਸੰਯੋਗ-ਸਾਹੇ ਜੋੜਨ ਵੇਲੇ ਸੁਆਰਥ ਨੂੰ ਮੁੱਖ ਰੱਖਣ ਦੀ ਪ੍ਰਵਿਰਤੀ ਪ੍ਰਬਲ ਹੋ ਰਹੀ ਹੈ। ਸੰਯੋਗ ਮਿਲਾਉਣ ਵਕਤ ਅਕਾਲ ਪੁਰਖ ਦੀ ਭੈ-ਭਾਵਨੀ 'ਚ ਰਹਿ ਕੇ ਗੁਰਸਿੱਖੀ ਗੁਣਾਂ ਨੂੰ ਮਿਲਾਉਣ ਦੀ ਬਜਾਇ, ਮਾਇਆ ਦੇ ਰੂਪ ਜਿਵੇਂ ਕਿ; ਧਨ, ਦੌਲਤ, ਜ਼ਮੀਨ, ਸੰਸਾਰੀ ਰੁਤਬਾ ਜਾਂ ਵਿਦੇਸ਼ ਜਾਣ ਦੇ ਲਾਲਚ ਨੂੰ ਮੁੱਖ ਰੱਖ ਕੇ ਰਿਸ਼ਤੇ-ਨਾਤੇ ਜੋੜੇ ਜਾਣ ਲੱਗੇ ਹਨ। ਜੋ ਕਿ ਬਾਅਦ ਵਿਚ ਪਤੀ-ਪਤਨੀ ਦੇ ਵਿਚਕਾਰ ਮਤਭੇਦ ਪੈਦਾ ਹੋਣ ਦਾ ਕਾਰਨ ਬਣਦੇ ਹਨ। ਇਨ੍ਹਾਂ ਮਤਭੇਦਾਂ ਨੂੰ ਗੁਰਸਿੱਖਾਂ ਵਾਂਗ ਆਪਸ ਵਿਚ ਮਿਲ-ਬੈਠ ਕੇ ਹੱਲ ਕਰਨ ਦੀ ਬਜਾਇ, ਦੁਨਿਆਵੀ ਅਦਾਲਤਾਂ ਵਿਚ ਜਾ ਕੇ ਪਲਾਂ ਅੰਦਰ ਹੀ ਰਿਸ਼ਤਾ ਤੋੜ ਦਿੱਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅੰਦਰ ਚਾਰ ਲਾਵਾਂ ਲੈ ਕੇ ਬਣਾਏ ਸੰਯੋਗ ਤੋਂ ਬਾਅਦ ਫਿਰ ਦੂਜਾ ਜਾਂ ਤੀਜਾ ਵਿਆਹ ਅਤੇ ਇਸ ਤਰ੍ਹਾਂ ਪਤਾ ਨਹੀਂ 'ਤਲਾਕ' ਲੈ ਕੇ ਹੋਰ ਕਿਤਨੇ ਵਿਆਹ ਕਰਵਾਉਣ ਦੀ ਕੁਰੀਤੀ ਚੱਲ ਪਈ ਹੈ।

ਗੁਰੂ ਸਾਹਿਬ ਦੁਆਰਾ ਚਲਾਏ ਗੁਰਮਤਿ ਮਤਿ ਦੀ ਆਰੰਭਤਾ 'ਇਕ' ਤੋਂ ਹੁੰਦੀ ਹੈ ਅਤੇ ਗੁਰਮਤਿ ਅੰਦਰ 'ਇਕ' ਦੀ ਹੀ ਟੇਕ ਸਮੁੱਚਾ ਆਧਾਰ ਹੈ। 'ਇਕ' ਅਕਾਲ ਪੁਰਖ ਵਾਹਿਗੁਰੂ ਦੀ ਉਪਾਸਨਾ ਕਰਨੀ

e-mail:- rangleysajjantrust@gmail.com M. 99159-37011, 93166-10166, 0183-5064934

ਅਖੰਡ ਕੀਰਤਨੀ ਜੱਥਾ ਇੰਟਰਨੈਸ਼ਨਲ (ਰਜਿ.)

AKhand Kirtani Jatha International (Regd.)

ਰੰਗਲੇ ਸੱਜਨ ਮੈਮੋਰਿਅਲ ਚੈਰੀਟੇਬਲ ਟਰੱਸਟ (ਰਜਿ.) ਚੌਂਕ ਬਾਬਾ ਸਾਹਿਬ,(ਪੰਜਾਬ) ਇੰਡੀਆ

HEAD OFFICE:- RANGLEY SAJJAN MEMORIAL CHERITABLE TRUST (REGD.63) CHOWK BABA SAHIB, (PUNJAB) INDIA

ਮੁੱਖ ਸੇਵਾਦਾਰ :- ਭਾਈ ਬਖਸ਼ੀਸ਼ ਸਿੰਘ

Ref No. ....................

Date ..................

ਅਤੇ 'ਇਕ' ਨਰ/ਨਾਰੀ ਦੇ ਨਾਲ ਹੀ ਗ੍ਰਹਿਸਥ ਨਿਭਾਉਣਾ ਗੁਰਸਿੱਖੀ ਜੀਵਨ ਹੈ। ਜਿਸ ਤਰ੍ਹਾਂ ਗੁਰਮਤਿ ਵਿਚ 'ਇਕ' ਅਕਾਲ ਪੁਰਖ ਨੂੰ ਛੱਡ ਕੇ ਹੋਰ ਕਿਸੇ ਦੀ ਉਪਾਸ਼ਨਾ ਪ੍ਰਵਾਨ ਨਹੀਂ ਹੈ; "ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ॥ ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ॥" ਉਸੇ ਤਰ੍ਹਾਂ ਮਨੁੱਖ ਨੂੰ ਗ੍ਰਹਿਸਥ ਜੀਵਨ ਵੀ ਇਕ ਨਰ/ਨਾਰੀ ਨਾਲ ਬਿਤਾਉਣ ਦਾ ਪਾਬੰਦ ਬਣਾਇਆ ਗਿਆ ਹੈ। ਗੁਰਬਾਣੀ ਅੰਦਰ ਬੇਅੰਤ ਵਾਰੀ ਮਨੁੱਖ ਨੂੰ 'ਇਕ' ਪਤੀ/ਪਤਨੀ ਨਾਲ ਆਦਰਸ਼ਕ ਗ੍ਰਹਿਸਥ ਜੀਵਨ ਜਿਊਣ ਦੀ ਪ੍ਰੇਰਨਾ ਮਿਲਦੀ ਹੈ।

ਕਾਇਆ ਕਿਰਦਾਰ ਅਉਰਤ ਯਕੀਨਾ॥ (ਮਾਰੂ ਮ. ੫, ਪੰਨਾ: ੧੦੮੩)

'...ਇਕ ਔਰਤ (ਏਕਾ ਨਾਰੀ) 'ਤੇ ਈਮਾਨ (ਯਕੀਨ) ਰੱਖਿਆਂ ਤਾਂ ਸ਼ੁੱਭ ਅਮਲਾਂ (ਨੇਕ ਆਚਾਰ, ਸੁੱਚੇ ਚਾਲ-ਚਲਣ) ਵਾਲੀ ਕਾਇਆਂ ਬਣਦੀ ਹੈ। "ਏਕਾ ਨਾਰੀ ਜਤੀ ਹੋਇ" ਵਾਲਾ ਗੁਰਮਤਿ ਅਸੂਲ ਇਸ ਪੰਕਤੀ ਦੁਆਰਾ ਪ੍ਰਤਿਪਾਦਨ ਹੁੰਦਾ ਹੈ।' (ਗੁਰਬਾਣੀ ਦੀਆਂ ਲਗਾਂਮਾਤ੍ਰਾਂ ਦੀ ਵਿਲੱਖਣਤਾ', ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)। ਜੇਕਰ ਪਤੀ-ਪਤਨੀ ਵਿਚੋਂ ਕਿਸੇ 'ਤੇ ਵੀ ਕੋਈ ਘਾਟ-ਵਾਧ ਵਰਤ ਰਹੀ ਹੋਵੇ ਤਾਂ ਇਕ ਦੂਜੇ ਦੇ ਸਹਾਇਕ ਬਣ ਕੇ ਵਿਚਰਨਾ ਹੁੰਦਾ ਹੈ। ਸਿੱਖ ਇਤਿਹਾਸ ਅੰਦਰ ਬੀਬੀ ਰਜਨੀ ਜੀ ਜੋ ਕਿ ਰਾਜੇ ਦੀ ਧੀ ਸੀ, ਤਾਂ ਵੀ ਆਪਣੇ ਕੋਹੜੀ ਪਤੀ ਦੀ ਸੇਵਾ ਕਰਕੇ ਗ੍ਰਹਿਸਥ ਮਾਰਗ (ਪਤੀ-ਬ੍ਰਤਾ ਧਰਮ) ਨੂੰ ਤੋੜ ਨਿਭਾਉਣ ਲਈ ਸੱਚੀ ਸੁੱਚੀ ਮਿਸਾਲ ਬਣੀ। ਇਸ ਤਰ੍ਹਾਂ ਦੀਆਂ ਅਨੇਕਾਂ ਮਿਸਾਲਾਂ ਸਿੱਖ ਇਤਿਹਾਸ ਅੰਦਰ ਆਉਂਦੀਆਂ ਹਨ।

ਸਿੱਖ ਧਰਮ ਅੰਦਰ ਗ੍ਰਹਿਸਥ ਜੀਵਨ 'ਚ ਪ੍ਰਵੇਸ਼ ਲਈ 'ਅਨੰਦ ਸੰਸਕਾਰ' ਦੀ ਪਰੰਪਰਾ ਹੈ। ਇਸ ਦੇ ਉਲਟ ਗ੍ਰਹਿਸਥ ਨੂੰ ਛੱਡਣ ਦੀ ਕੋਈ ਰੀਤ ਨਹੀਂ ਹੈ। ਗੁਰੂ ਸਾਹਿਬਾਨ ਨੇ ਸਿੱਖਾਂ ਲਈ ਜੀਵਨ ਦੇ ਮੁੱਖ ਰੂਪ ਵਿਚ ਚਾਰ ਸੰਸਕਾਰ ਦਿੱਤੇ ਹਨ। ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਅਨੰਦ ਸੰਸਕਾਰ, ਅੰਤਿਮ ਸੰਸਕਾਰ। ਜਦੋਂ ਤਲਾਕ ਨਾਮ ਦਾ ਸੰਸਕਾਰ ਹੀ ਨਹੀਂ ਹੈ ਤਾਂ ਫਿਰ ਗੁਰਮਤਿ ਵਿਚ 'ਤਲਾਕ' ਹੋਣੇ ਬਿਲਕੁਲ

e-mail:- rangleysajjantrust@gmail.com M. 99159-37011, 93166-10166, 0183-5064934



ਅਖੰਡ ਕੀਰਤਨੀ ਜੱਥਾ ਇੰਟਰਨੈਸ਼ਨਲ (ਰਜਿ.)
AKhand Kirtani Jatha International (Regd.)
ਰੰਗਲੇ ਸੱਜਨ ਮੈਮੋਰਿਅਲ ਚੈਰੀਟੇਬਲ ਟਰੱਸਟ (ਰਜਿ.) ਚੌਂਕ ਬਾਬਾ ਸਾਹਿਬ,(ਪੰਜਾਬ) ਇੰਡੀਆ
HEAD OFFICE:- RANGLEY SAJJAN MEMORIAL CHERITABLE TRUST (REGD.63) CHOWK BABA SAHIB, (PUNJAB) INDIA
ਮੁੱਖ ਸੇਵਾਦਾਰ :- ਭਾਈ ਬਖਸ਼ੀਸ਼ ਸਿੰਘ

Ref No. .................... Date ..................

ਪ੍ਰਵਾਨ ਹੀ ਨਹੀਂ ਹਨ। ਸਿੱਖਾਂ ਲਈ ਇਹ ਗੱਲ ਵਧੇਰੇ ਮਹੱਤਵਪੂਰਨ ਹੈ ਕਿ ਜਿਹੜਾ ਰਿਸ਼ਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ ਚਾਰ ਲਾਵਾਂ ਲੈ ਕੇ ਜੁੜਦਾ ਹੈ ਅਤੇ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੀ ਤੋੜਨ ਦੀ ਕੋਈ ਪਰੰਪਰਾ ਮੌਜੂਦ ਨਹੀਂ ਹੈ ਤਾਂ ਫਿਰ 'ਤਲਾਕ' ਨੂੰ ਸਿੱਖ ਧਰਮ ਵਿਚ ਮਾਨਤਾ ਕਿਉਂ ਦਿੱਤੀ ਜਾਵੇ? ਇਸ ਦੇ ਬਾਵਜੂਦ ਤਲਖ਼ ਹਕੀਕਤ ਇਹ ਹੈ ਕਿ ਅੱਜ ਆਨਮਤੀ ਲੋਕਾਂ ਵਾਂਗ ਸਿੱਖ ਸਮਾਜ ਅੰਦਰ ਤਲਾਕ ਵਰਗੀ ਕੁਰੀਤੀ ਜ਼ਿਆਦਾ ਤੇਜ਼ੀ ਨਾਲ ਵੱਧ ਰਹੀ ਹੈ। ਹੋਰ ਵੀ ਜ਼ਿਆਦਾ ਦੁੱਖ ਦੀ ਗੱਲ ਹੈ ਕਿ ਅਖੰਡ ਕੀਰਤਨੀ ਜਥੇ ਦੇ ਕਈ ਪਰਿਵਾਰ ਵੀ ਇਸ ਕੁਰੀਤੀ ਦਾ ਸ਼ਿਕਾਰ ਹੋ ਰਹੇ ਹਨ।

ਕਈ ਸਿੱਖ ਮੁੰਡੇ-ਕੁੜੀਆਂ ਆਪਣੀਆਂ ਰਵਾਇਤੀ ਕਦਰਾਂ-ਕੀਮਤਾਂ ਦੇ ਉਲਟ ਜਾ ਕੇ ਮਨਮਰਜ਼ੀ ਨਾਲ 'ਪ੍ਰੇਮ ਵਿਆਹ' ਕਰਵਾਉਣ ਲੱਗਿਆਂ ਮਾਪਿਆਂ ਜਾਂ ਸੂਝਵਾਨ ਸਿੱਖਾਂ ਨੂੰ ਪੁੱਛਦੇ ਤੱਕ ਨਹੀਂ। ਫਿਰ ਜਦੋਂ ਮਨਮਰਜ਼ੀ ਨਾਲ ਚੁਣੇ ਜੀਵਨ ਸਾਥੀ ਤੋਂ ਮਨ ਭਰ ਜਾਂਦਾ ਹੈ, ਤਾਂ ਆਨੇ-ਬਹਾਨੇ ਤਲਾਕ ਲੈ ਕੇ ਹੋਰ ਵਿਆਹ ਕਰਵਾ ਲੈਂਦੇ ਹਨ। ਕਿੰਨੀ ਘੋਰ ਮਨਮਤੀਆਂ ਵਾਲੀ ਹਰਕਤ ਹੈ। ਦੁਬਾਰਾ ਵਿਆਹ ਕਰਵਾਉਣ ਵਾਲੀ ਰੀਤ ਦੀ ਗੱਲ ਕਰੀਏ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪ੍ਰਕਾਸ਼ਿਤ 'ਸਿੱਖ ਰਹਿਤ ਮਰਯਾਦਾ' ਵਿਚ ਦਰਜ 'ਅਨੰਦ ਸੰਸਕਾਰ' ਦੀ ਮਦ (ਝ) ਅਨੁਸਾਰ, 'ਜਿਸ ਇਸਤਰੀ ਦਾ ਭਰਤਾ ਕਾਲ-ਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰਸੰਯੋਗ ਕਰ ਲਵੇ। ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਸ ਲਈ ਭੀ ਇਹੋ ਹੁਕਮ ਹੈ।' ਭਾਵ ਕਿ ਕਿਸੇ ਇਕ ਦੇ ਇਸ ਸੰਸਾਰ ਤੋਂ ਕੂਚ ਕਰ ਜਾਣ ਦੀ ਸੂਰਤ ਅੰਦਰ ਤਾਂ ਵਿਚਾਰਿਆ ਜਾ ਸਕਦਾ ਹੈ ਪਰ ਜਿਉਂਦਿਆਂ ਅਜਿਹਾ ਕਰਨਾ ਗੁਰਮਤਿ ਅਨੁਸਾਰੀ ਨਹੀਂ ਮੰਨਿਆ ਜਾ ਸਕਦਾ।

ਅਖੰਡ ਕੀਰਤਨੀ ਜਥੇ ਦੇ ਬਾਨੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪੁਸਤਕ 'ਰੰਗਲੇ ਸੱਜਣ' ਵਿਚ ਕਾਕਾ ਪ੍ਰੇਮ ਸਿੰਘ ਜੀ ਦਾ ਜ਼ਿਕਰ ਮਿਲਦਾ ਹੈ, ਜਿਨ੍ਹਾਂ ਦਾ ਅਨੰਦ ਕਾਰਜ ਬੀਬੀ ਕੁਲਵੰਤ

e-mail:- rangleysajjantrust@gmail.com M. 99159-37011, 93166-10166, 0183-5064934

ਅਖੰਡ ਕੀਰਤਨੀ ਜੱਥਾ ਇੰਟਰਨੈਸ਼ਨਲ (ਰਜਿ.)

AKhand Kirtani Jatha International (Regd.)

ਰੰਗਲੇ ਸੱਜਨ ਮੈਮੋਰਿਅਲ ਚੈਰੀਟੇਬਲ ਟਰੱਸਟ (ਰਜਿ.) ਚੌਂਕ ਬਾਬਾ ਸਾਹਿਬ,(ਪੰਜਾਬ) ਇੰਡੀਆ

HEAD OFFICE:- RANGLEY SAJJAN MEMORIAL CHERITABLE TRUST (REGD.63) CHOWK BABA SAHIB, (PUNJAB) INDIA

ਮੁੱਖ ਸੇਵਾਦਾਰ :- ਭਾਈ ਬਖਸ਼ੀਸ਼ ਸਿੰਘ

Ref No. .................... Date ..................

ਕੌਰ ਨਾਲ ਹੋਇਆ ਸੀ। ਕਾਕਾ ਪ੍ਰੇਮ ਸਿੰਘ ਭਰ ਜਵਾਨੀ ਵਿਚ ਅਕਾਲ ਚਲਾਣਾ ਕਰ ਗਏ ਸਨ, ਪਰ ਉਨ੍ਹਾਂ ਦੀ ਸਿੰਘਣੀ ਨੇ ਜੀਵਨ ਭਰ ਦੂਜਾ ਵਿਆਹ ਨਹੀਂ ਕਰਵਾਇਆ ਅਤੇ ਆਪਣੇ ਪੇਕੇ ਘਰ ਜੀਵਨ ਬਸਰ ਕਰ ਲਿਆ। ਇਸੇ ਤਰ੍ਹਾਂ ਭਾਈ ਕਰਤਾਰ ਸਿੰਘ ਕੈਨੇਡੀਅਨ ਨਵਾਂ ਚੰਦ (ਮੋਗਾ) ਸਾਰ੍ਹਖੇ ਸਿੱਖਾਂ ਦੇ ਜੀਵਨ ਸਿੱਖਿਆ-ਦਾਇਕ ਹਨ, ਜੋ ਕਿ ਰੋਜ਼ੀ-ਰੋਟੀ ਲਈ ਵਿਦੇਸ਼ ਗਏ ਪਰ ਗੁਰੂ ਸਾਹਿਬ ਦੀ ਭੈਅ-ਭਾਵਨੀ ਵਿਚ ਗੁਰਮਤਿ ਅਨੁਸਾਰੀ ਜ਼ਿੰਦਗੀ ਬਸਰ ਕੀਤੀ। ਜਿਸ ਕਾਰਨ ਪੱਛਮੀ ਸੱਭਿਅਤਾ ਦਾ ਉਨ੍ਹਾਂ ਨੇ ਕੋਈ ਬੁਰਾ ਪ੍ਰਭਾਵ ਨਹੀਂ ਕਬੂਲਿਆ। ਭਾਈ ਕਰਤਾਰ ਸਿੰਘ ਕੈਨੇਡੀਅਨ ਨੇ ਵਾਪਸ ਦੇਸ਼ ਆ ਕੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਜੇਲ੍ਹਾਂ ਕੱਟੀਆਂ ਅਤੇ ਪੰਥਕ ਕਾਰਜਾਂ ਵਿਚ ਸ਼ਮੂਲੀਅਤ ਕੀਤੀ। ਪੱਛਮੀ ਸੱਭਿਅਤਾ ਸਿਰਫ਼ ਉਨ੍ਹਾਂ ਲੋਕਾਂ 'ਤੇ ਆਪਣਾ ਪ੍ਰਭਾਵ ਪਾਉਂਦੀ ਹੈ ਜੋ ਕਿ ਅੰਮ੍ਰਿਤ ਛਕ ਕੇ ਵੀ ਮਨਮਤੀ ਕਰਮ ਕਰਨੇ ਨਹੀਂ ਛੱਡਦੇ। ਸਿੱਖਾਂ ਦੀ ਬਹੁਗਿਣਤੀ ਹਿੰਦੁਸਤਾਨ ਵਿਚ ਰਹਿੰਦੀ ਹੈ। ਇਥੇ ਦਾ ਵਿਆਹ ਵਾਲਾ ਕਾਨੂੰਨ ਜਿਸ ਨੂੰ ਕਿ ਹਿੰਦੂ ਮੈਰਿਜ ਐਕਟ-੧੯੫੫ ਕਿਹਾ ਜਾਂਦਾ ਹੈ ਅਤੇ ਇਸ ਦੀਆਂ ਧਾਰਾਵਾਂ ੧੩ ਅਤੇ ੧੩-ਬੀ ਤਹਿਤ ਅਨਮਤੀਏ ਤਲਾਕ ਲੈਂਦੇ ਹਨ। ਜੇਕਰ ਸਿੱਖ ਵੀ ਇਨ੍ਹਾਂ ਅਦਾਲਤਾਂ ਵਿਚ ਜਾਂਦੇ ਹਨ ਤਾਂ ਉਹ ਇਕ ਤਰ੍ਹਾਂ ਨਾਲ ਅਨਮਤ ਕਬੂਲ ਕਰਕੇ ਹੀ ਤਲਾਕ ਲੈਂਦੇ ਹਨ। ਇਸੇ ਤਰ੍ਹਾਂ ਹੀ ਹਰੇਕ ਦੇਸ਼ ਦੇ ਆਪਣੇ ਕਾਨੂੰਨ ਹਨ। ਗੁਰਸਿੱਖ ਪਰਿਵਾਰਾਂ ਨੂੰ ਚਾਹੀਦਾ ਹੈ ਕਿ ਪਤੀ-ਪਤਨੀ ਦੇ ਪਰਿਵਾਰਕ ਮਸਲੇ ਨਾ ਹੀ ਪੈਦਾ ਹੋਵਣ ਅਤੇ ਅਦਾਲਤਾਂ ਵਿਚ ਜਾ ਕੇ 'ਤਲਾਕ' ਰਾਹੀਂ ਖ਼ਤਮ ਕਰਨ ਦੀ ਬਜਾਇ, ਮਸਲੇ ਗੁਰਮਤਿ ਅਨੁਸਾਰ ਹੱਲ ਕਰਨੇ ਚਾਹੀਦੇ ਹਨ। ਇਸ ਲਈ ਹੇਠ ਲਿਖੇ ਸੁਝਾਵਾਂ 'ਤੇ ਗੌਰ ਕੀਤਾ ਜਾ ਸਕਦਾ ਹੈ।

੧. ਅਨੰਦ ਕਾਰਜ ਤੋਂ ਪਹਿਲਾਂ ਦੋਵੇਂ ਪਰਿਵਾਰ ਬੱਚਾ ਅਤੇ ਬੱਚੀ ਨੂੰ ਸੂਝਵਾਨ ਸਿੰਘਾਂ ਨੂੰ, ਜਿਨ੍ਹਾਂ ਨੂੰ ਉਹ ਠੀਕ ਸਮਝਣ, ਉਨ੍ਹਾਂ ਨਾਲ ਜ਼ਰੂਰ ਮਿਲਾਉਣ, ਜੋ ਕਿ ਗ੍ਰਿਹਸਥ ਮਾਰਗ ਦੀਆਂ ਜ਼ਿੰਮੇਵਾਰੀਆਂ ਬਾਰੇ ਸਿੱਖਿਆ ਦੇਣ। ਬੱਚਾ-ਬੱਚੀ ਦੇ ਜੇਕਰ ਕੋਈ ਸਵਾਲ ਹੋਣ ਤਾਂ ਪਰਿਵਾਰਾਂ ਨਾਲ ਮਿਲ ਕੇ ਹੱਲ ਕਰਨ।

e-mail:- rangleysajjantrust@gmail.com M. 99159-37011, 93166-10166, 0183-5064934

ਅਖੰਡ ਕੀਰਤਨੀ ਜੱਥਾ ਇੰਟਰਨੈਸ਼ਨਲ (ਰਜਿ.)

AKhand Kirtani Jatha International (Regd.)

ਰੰਗਲੇ ਸੱਜਨ ਮੈਮੋਰਿਅਲ ਚੈਰੀਟੇਬਲ ਟਰੱਸਟ (ਰਜਿ.) ਚੌਂਕ ਬਾਬਾ ਸਾਹਿਬ,(ਪੰਜਾਬ) ਇੰਡੀਆ

HEAD OFFICE:- RANGLEY SAJJAN MEMORIAL CHERITABLE TRUST (REGD.63) CHOWK BABA SAHIB, (PUNJAB) INDIA

ਮੁੱਖ ਸੇਵਾਦਾਰ :- ਭਾਈ ਬਖਸ਼ੀਸ਼ ਸਿੰਘ

Ref No. .................... Date ..................

੨. ਅਨੰਦ ਕਾਰਜ ਤੋਂ ਬਾਅਦ ਸਿੰਘ-ਸਿੰਘਣੀ ਅੰਮ੍ਰਿਤ ਵੇਲਾ ਇਕੱਠਿਆਂ ਕਰਿਆ ਕਰਨ। ਇਸ ਤਰ੍ਹਾਂ ਕਰਨ ਨਾਲ ਰੋਜ਼ਾਨਾ ਸੁਤੇ ਸਿੱਧ ਸਤਿਸੰਗ ਹੋ ਜਾਂਦਾ ਹੈ। ਇਕੱਲਾ ਸਿੱਖ, ਸਿੱਖ ਹੀ ਕਹਾਉਂਦਾ ਹੈ ਪਰ ਜਦੋਂ ਇਕ ਹੋਰ ਸਿੱਖ ਨਾਲ ਮਿਲ ਕੇ ਨਾਮ-ਬਾਣੀ 'ਚ ਜੁਟਦਾ ਹੈ ਤਾਂ ਸਤਿਸੰਗ ਰੂਪ ਹੋ ਜਾਂਦਾ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਦੀ ੧੩ਵੀਂ ਪਉੜੀ ਵਿਚ ਜ਼ਿਕਰ ਆਉਂਦਾ ਹੈ ਕਿ:

ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ।

ਅੱਗੇ ਭਾਈ ਸਾਹਿਬ ਜੀ ਆਖਦੇ ਹਨ ਕਿ:

ਨਉ ਅੰਗ ਨੀਲ ਅਨੀਲ ਸੁੰਨ ਅਵਤਾਰ ਮਹੇਸਰੁ।

ਵੀਹ ਇਕੀਹ ਅਸੰਖ ਸੰਖ ਮੁਕਤੈ ਮੁਕਤੇਸਰੁ।

ਨਗਰਿ ਨਗਰਿ ਮੈ ਸਹੰਸ ਸਿਖ ਦੇਸ ਦੇਸ ਲਖੇਸਰੁ।

ਇਕਦੂੰ ਬਿਰਖਹੁ ਲਖ ਫਲ ਫਲ ਬੀਅ ਲੋਮੇਸਰੁ।

ਭੋਗ ਭੁਗਤਿ ਰਾਜੇਸੁਰਾ ਜੋਗ ਜੁਗਤਿ ਜੋਗੇਸਰੁ।੧੯।

ਇਸ ਤਰ੍ਹਾਂ ਸਤਿਸੰਗ ਕਰਦਿਆਂ, ਸੰਸਾਰਕ ਵਸਤਾਂ ਭੋਗਦੇ ਹੋਏ ਰਾਜੇਸਰ ਅਤੇ ਜੋਗੀਆਂ ਦੇ ਜੋਗੀਸਰ ਹੋਣ ਦਾ ਮਾਣ ਪ੍ਰਾਪਤ ਕਰਦੇ ਹਨ। ਕਿੰਨੀ ਵੱਡੀ ਵਡਿਆਈ ਹੈ ਸਤਿਸੰਗ ਦੀ। ਆਪਣੇ ਜੀਵਨ ਅੰਦਰ ਝਾਤੀ ਮਾਰੀਏ ਕਿ ਕਿੰਨਾ ਕੁ ਅੰਮ੍ਰਿਤ ਵੇਲਾ ਅਸੀਂ ਇਕੱਠਿਆਂ ਕੀਤਾ ਹੈ? ਇਕ ਕਹਾਵਤ ਵੀ ਹੈ ਕਿ those who pray together, they stay together.

e-mail:- rangleysajjantrust@gmail.com M. 99159-37011, 93166-10166, 0183-5064934

# ਅਖੰਡ ਕੀਰਤਨੀ ਜੱਥਾ ਇੰਟਰਨੈਸ਼ਨਲ (ਰਜਿ.)

AKhand Kirtani Jatha International (Regd.)

ਰੰਗਲੇ ਸੱਜਨ ਮੈਮੋਰਿਅਲ ਚੈਰੀਟੇਬਲ ਟਰੱਸਟ (ਰਜਿ.) ਚੌਂਕ ਬਾਬਾ ਸਾਹਿਬ,(ਪੰਜਾਬ) ਇੰਡੀਆ

HEAD OFFICE:- RANGLEY SAJJAN MEMORIAL CHERITABLE TRUST (REGD.63) CHOWK BABA SAHIB, (PUNJAB) INDIA

ਮੁੱਖ ਸੇਵਾਦਾਰ :- ਭਾਈ ਬਖਸ਼ੀਸ਼ ਸਿੰਘ

Ref No. .................... Date ..................

੩. ਜੇਕਰ ਸਿੱਖ ਪਤੀ-ਪਤਨੀ ਆਪਣੇ ਸਿੱਖ ਮਾਤਾ-ਪਿਤਾ ਨਾਲ ਰਹਿ ਰਹੇ ਹਨ ਅਤੇ ਅਗਾਂਹ ਉਨ੍ਹਾਂ ਦੇ ਬੱਚੇ ਵੀ ਸਿੱਖ ਹਨ, ਤਾਂ ਤੇ ਜੇਕਰ ਉਹ ਰਲ ਕੇ ਅੰਮ੍ਰਿਤ ਵੇਲਾ ਕਰਨ ਤਾਂ ਭਾਈ ਗੁਰਦਾਸ ਜੀ ਦੇ ਉਪਰਲੇ ਕਥਨ ਅਨੁਸਾਰ, "ਪੰਜੀਂ ਪਰਮੇਸਰੁ" ਵਰਤ ਜਾਂਦਾ ਹੈ। ਜਿਸ ਘਰ ਅੰਦਰ ਪਰਮੇਸ਼ਰ ਵਰਤੇ ਉਹ ਘਰ ਤਾਂ ਵਡਭਾਗੀ ਹੋ ਗਿਆ। ਤਲਾਕ ਨਾਮ ਦੀ ਅਲਾਮਤ ਤਾਂ ਉਸ ਘਰ ਦੇ ਕੋਲੋਂ ਵੀ ਨਹੀਂ ਲੰਘ ਸਕਦੀ। ਸਗੋਂ ਉਨ੍ਹਾਂ ਵੱਲ ਵੇਖ ਕੇ ਹੋਰ ਕਈ ਪਰਿਵਾਰ ਟੁੱਟਣੋਂ ਬਚ ਸਕਦੇ ਹਨ। ਦੋਸ਼ ਸਾਡਾ ਆਪਣਾ ਹੈ ਕਿ ਅਸੀਂ ਸਤਿਸੰਗੀ ਨਹੀਂ ਹਾਂ।

੪. ਸਿੱਖ ਜੋੜਾ ਕੇਵਲ ਧਰਮ ਦੀ ਕਿਰਤ ਹੀ ਕਰੇ ਅਤੇ ਦਸਵੰਧ ਪੂਰਨ ਤੌਰ 'ਤੇ ਕੱਢੇ। ਕਈਆਂ ਦੀ ਕਿਰਤ ਧਰਮ ਦੀ ਨਹੀਂ ਹੁੰਦੀ, ਜਿਵੇਂ ਕਿ ਗੁਰਮਤਿ ਅੰਦਰ ਬਿਬਰਜਿਤ ਮਾਸ, ਤੰਬਾਕੂ, ਸ਼ਰਾਬ, ਨਸ਼ੇ, ਜੂਆ ਆਦਿ ਨਾਲ ਸਬੰਧਤ ਕਿਰਤ ਕਦੇ ਵੀ ਪ੍ਰਵਾਨ ਨਹੀਂ ਚੜ੍ਹਦੀ। ਗੁਰਸਿੱਖਾਂ ਨੂੰ ਕਿਰਮਤਈ ਧੰਦਾ ਕਰਨ ਲੱਗਿਆਂ ਗੁਰਮਤਿ ਪੱਖੋਂ ਸਾਰਾ ਕੁਝ ਚੰਗੀ ਤਰ੍ਹਾਂ ਵੇਖ-ਪਰਖ ਲੈਣਾ ਚਾਹੀਦਾ ਹੈ। ਮਾੜੇ ਸਾਧਨਾਂ ਰਾਹੀਂ ਆਈ ਮਾਇਆ ਜਾਂ ਗੁਰਸਿੱਖ ਜੋੜੇ ਦਾ ਦਸਵੰਧ ਨਾ ਕੱਢਣਾ ਜ਼ਹਿਰ ਰੂਪ ਬਣ ਜਾਂਦਾ ਹੈ।

੫. ਵੈਸੇ ਤਾਂ ਕੋਈ ਸੰਭਾਵਨਾ ਹੀ ਬਾਕੀ ਨਹੀਂ ਰਹਿੰਦੀ ਪਰ ਜੇਕਰ ਫਿਰ ਵੀ ਉੱਪਰ ਦਰਸਾਏ ਸ਼ੁੱਭ ਕਾਰਜਾਂ ਦੇ ਬਾਵਜੂਦ ਕਿਸੇ ਕਾਰਨ ਪਤੀ-ਪਤਨੀ ਦਾ ਮਨ-ਮੁਟਾਓ ਬਣ ਹੀ ਗਿਆ ਹੈ ਤਾਂ ਅਖੰਡ ਕੀਰਤਨੀ ਜਥੇ ਦੇ ਸਥਾਨਕ ਸੂਝਵਾਨ ਸਿੰਘਾਂ ਨਾਲ ਵਿਚਾਰ ਕਰਨੀ ਚਾਹੀਦੀ ਹੈ। ਕਈ ਸਿੰਘ-ਸਿੰਘਣੀਆਂ ਜੋ ਕਿ ਘਰੇਲੂ ਮਸਲਿਆਂ ਨੂੰ ਹੱਲ ਕਰਨ ਦੇ ਮਾਹਰ ਵਜੋਂ ਕੰਮ ਕਰਦੇ ਹਨ, ਉਨ੍ਹਾਂ ਦਾ ਸਹਿਯੋਗ ਵੀ ਲਿਆ ਜਾ ਸਕਦਾ ਹੈ। ਸਥਾਨਕ ਸੰਗਤ ਯੋਗ ਸਮਝੇ ਤਾਂ ਇਸ ਗੁਰਸਿੱਖ ਜੋੜੇ ਨਮਿਤ ਇਨ੍ਹਾਂ ਦੇ ਗ੍ਰਿਹਿ ਵਿਖੇ ਅਖੰਡ ਕੀਰਤਨ, ਸ੍ਰੀ ਅਖੰਡ ਪਾਠ ਸਾਹਿਬ ਕਰਨ। ਇਨ੍ਹਾਂ ਨਮਿਤ ਅਰਦਾਸ ਹੋਵੇ।

e-mail:- rangleysajjantrust@gmail.com M. 99159-37011, 93166-10166, 0183-5064934

ਅਖੰਡ ਕੀਰਤਨੀ ਜੱਥਾ ਇੰਟਰਨੈਸ਼ਨਲ (ਰਜਿ.)

AKhand Kirtani Jatha International (Regd.)

ਰੰਗਲੇ ਸੱਜਨ ਮੈਮੋਰਿਅਲ ਚੈਰੀਟੇਬਲ ਟਰੱਸਟ (ਰਜਿ.) ਚੌਂਕ ਬਾਬਾ ਸਾਹਿਬ,(ਪੰਜਾਬ) ਇੰਡੀਆ

HEAD OFFICE:- RANGLEY SAJJAN MEMORIAL CHERITABLE TRUST (REGD.63) CHOWK BABA SAHIB, (PUNJAB) INDIA

ਮੁੱਖ ਸੇਵਾਦਾਰ :- ਭਾਈ ਬਖਸ਼ੀਸ਼ ਸਿੰਘ

Ref No. .................... Date ..................

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥

ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥੨॥੧੩॥੭੭॥ (ਬਿਲਾਵਲੁ ਮ. ੫, ਪੰਨਾ: ੮੧੯)

ਗੁਰਮਤਿ ਅਨੁਸਾਰ ਕੀਤੇ ਅਖੰਡ ਕੀਰਤਨ, ਸ੍ਰੀ ਅਖੰਡ ਪਾਠ ਸਾਹਿਬ ਜ਼ਰੂਰ ਰੰਗ ਲਿਆਉਂਦੇ ਹਨ। ਜੇਕਰ ਗੁਰਬਾਣੀ ਦੀ ਓਟ ਲੈ ਕੇ ਭੂਤ ਪ੍ਰੇਤ ਤੱਕ ਦਾ ਉਧਾਰ ਹੋ ਸਕਦਾ ਹੈ ਤਾਂ ਸਾਡੇ ਦੁੱਖ ਦਰਿਦਰ ਵੀ ਦੂਰ ਹੋਣਗੇ।

੬. ਜੇਕਰ ਫਿਰ ਵੀ ਸਿੱਖ ਪਤੀ-ਪਤਨੀ ਦੇ ਮਨ-ਮੁਟਾਓ ਬਣੇ ਰਹਿੰਦੇ ਹਨ ਤਾਂ ਸਥਾਨਕ ਜਾਂ ਬਾਹਰੋਂ ਸੂਝਵਾਨ ਪੰਜ ਸਿੰਘਾਂ ਜਾਂ ਵਧੀਕ ਦੀ ਕਮੇਟੀ ਜਿਨ੍ਹਾਂ 'ਤੇ ਦੋਵਾਂ ਦੀ ਸਹਿਮਤੀ ਹੋਵੇ, ਉਨ੍ਹਾਂ ਨਾਲ ਮਿਲ ਕੇ ਗੁਰਮਤਿ ਅਨੁਸਾਰ ਇਸ ਮਸਲੇ ਨੂੰ ਸੁਲਝਾਇਆ ਜਾਵੇ।

ਜੇਕਰ ਦੋਹਾਂ 'ਚੋਂ ਕੋਈ ਵੀ ਜਾਂ ਦੋਵੇਂ ਹੀ ਪੰਜ ਸਿੰਘਾਂ ਦੀ ਕਮੇਟੀ, ਜਿਹੜੇ ਕਿ ਸਮਾਂ ਲਗਾ ਕੇ ਹੱਲ ਲਈ ਜੁੜੇ ਸਨ, ਦੇ ਕੀਤੇ ਫ਼ੈਸਲੇ ਦੀ ਉਲੰਘਣਾ ਕਰਨ ਤਾਂ ਉਨ੍ਹਾਂ ਹੀ ਪੰਜ ਸਿੰਘਾਂ ਨੂੰ ਹੱਕ ਹੈ ਕਿ ਉਲੰਘਣਾ ਕਰਨ ਵਾਲੇ ਦੋਸ਼ੀ ਸਿੰਘ ਨੂੰ ਜਾਂ ਸਿੰਘਣੀ ਨੂੰ ਜਾਂ ਦੋਵਾਂ 'ਤੇ ਢੁੱਕਵੀਂ ਕਾਰਵਾਈ ਕਰਨ। ਜੇਕਰ ਕੋਈ ਪੰਜ ਸਿੰਘਾਂ ਦੇ ਫ਼ੈਸਲੇ ਨੂੰ ਉਲੰਘਣ ਜਾਂ ਹੁਕਮ ਅਦੂਲੀ ਦਾ ਦੋਸ਼ੀ ਹੋਵੇ ਤਾਂ ਸੰਗਤ ਨੂੰ ਇਹ ਪੂਰਨ ਹੱਕ ਹੈ ਕਿ ਉਹ ਮਤਾ ਪਾਸ ਕਰਕੇ ਜਦ ਤੱਕ ਉਹ ਪੰਜਾਂ ਕੋਲੋਂ ਭੁੱਲ ਬਖ਼ਸ਼ਾਈ ਨਹੀਂ ਕਰਵਾਉਂਦਾ, ਉਦੋਂ ਤੱਕ ਸਿੰਘ ਨੂੰ ਜਾਂ ਸਿੰਘਣੀ ਨੂੰ ਜਾਂ ਦੋਵਾਂ ਨੂੰ ਜਥੇ ਦੀਆਂ ਪ੍ਰਮੁੱਖ ਸੇਵਾਵਾਂ ਜਿਵੇਂ; ਪੰਚਾਂ ਦੀ ਸੇਵਾ, ਦੇਗ ਦੀ ਸੇਵਾ, ਕੀਰਤਨ ਦੀ ਸੇਵਾ, ਸੰਗਤ 'ਚ ਪਾਠ ਦੀ ਸੇਵਾ ਅਤੇ ਲੰਗਰ ਦੀ ਸੇਵਾ ਆਦਿ ਤੋਂ ਵਾਂਝਾ ਰੱਖਿਆ ਜਾਵੇ।

e-mail:- rangleysajjantrust@gmail.com M. 99159-37011, 93166-10166, 0183-5064934

ਅਖੰਡ ਕੀਰਤਨੀ ਜੱਥਾ ਇੰਟਰਨੈਸ਼ਨਲ (ਰਜਿ.)

AKhand Kirtani Jatha International (Regd.)

ਰੰਗਲੇ ਸੱਜਨ ਮੈਮੋਰਿਅਲ ਚੈਰੀਟੇਬਲ ਟਰੱਸਟ (ਰਜਿ.) ਚੌਂਕ ਬਾਬਾ ਸਾਹਿਬ,(ਪੰਜਾਬ) ਇੰਡੀਆ

HEAD OFFICE:- RANGLEY SAJJAN MEMORIAL CHERITABLE TRUST (REGD.63) CHOWK BABA SAHIB, (PUNJAB) INDIA

ਮੁੱਖ ਸੇਵਾਦਾਰ :- ਭਾਈ ਬਖਸ਼ੀਸ਼ ਸਿੰਘ

Ref No. .................... Date ..................

ਤਲਾਕ ਜਿਹੇ ਕੋਹੜ ਨੂੰ ਥੰਮਣ ਲਈ ਇਸ ਤਰ੍ਹਾਂ ਦੇ ਕਦਮ ਚੁੱਕਣੇ ਜ਼ਰੂਰੀ ਹਨ, ਤਾਂ ਜੋ ਖ਼ਾਲਸਾ ਜੀ ਦੇ ਆਦਰਸ਼ਕ ਜੀਵਨ ਦੇ ਸਦਾ ਬੋਲ-ਬਾਲੇ ਹੋਵਣ। ਆਸ ਹੈ ਕਿ ਸੰਗਤ ਇਸ ਲਈ ਯਤਨਸ਼ੀਲ ਹੋ ਕੇ ਪੂਰਨ ਸਹਿਯੋਗ ਦੇਵੇਗੀ ਜੀ।

ਗੁਰੂ ਪੰਥ ਦੇ ਦਾਸਰੇ,

ਕਰਮ ਸਿੰਘ ਜੋਗਾ ਸਿੰਘ ਜੁਗਿੰਦਰ ਸਿੰਘ ਬਖਸ਼ੀਸ਼ ਸਿੰਘ

ਮੁੱਖ ਸੇਵਾਦਾਰ
ਜੱਥੇਦਾਰ ਬਖਸ਼ੀਸ਼ ਸਿੰਘ
ਅਖੰਡ ਕੀਰਤਨੀ ਜੱਥਾ ਇਟਰਨੈਸ਼ਨਲ (ਰਜਿ)